ਡਾਇਰੈਕਟੋਰੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ (ਤਕਨੀਕੀ ਸਿੱਖਿਆ ਭਵਨ, ਚੰਡੀਗੜ੍ਹ)

ਪਿੱਠ ਅੰਕਣ ਨੰ: /ਟੀ.ਈ 222 /ਸਕਾਲਰਸ਼ਿਪ ਮਿਤੀ 17/5/15

ਇਸ ਰਾਹੀਂ ਸਮੂਹ ਸੈਕਸ਼ਨਿੰਗ ਅਥਾਰਟੀਜ / ਪ੍ਰਿੰਸੀਪਲ ਸਰਕਾਰੀ ਬਹੁਤਕਨੀਕੀ /ਇੰਜਨੀਅਰਿੰਗ ਕਾਲਜਾਂ ਨੂੰ ਭਲਾਈ ਵਿਭਾਗ ਪਾਸੋਂ ਪ੍ਰਾਪਤ ਹੋਏ ਪੱਤਰ ਨੰ: ਸ-17/7553-59 ਮਿਤੀ 10-04-2015 ਨਾਲ ਨੱਥੀ ਮੀਟਿੰਗ ਦੀ ਕਾਰਵਾਈ ਰਿਪੋਰਟ ਵਿੱਚ ਦਰਸਾਏ ਲੜੀ ਨੰ: 1,4,7,8,9,10,11,12,13,14,15, ਅਤੇ 16 ਅਨੁਸਾਰ ਇੰਨ ਬਿੰਨ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ ਉਪਰੋਕਤ ਅਨੁਸਾਰ

ਪਿੱਠ ਅੰਕਣ ਨੰ: /ਟੀ.ਈ /ਸਕਾਲਰਸ਼ਿਪ ਮਿਤੀ

ਉਪਰੋਕਤ ਦਾ ਉਤਾਰਾ ਪ੍ਰੋਗਰਾਮਰ (ਮੁੱਖ ਦਫਤਰ) ਨੂੰ ਸਹਿ ਪੱਤਰਾਂ ਸਮੇਤ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ

ਨੱਥੀ ਉਪਰੋਕਤ ਅਨੁਸਾਰ

# ਡਾਇਰੈਕਟੋਰੇਟ

## ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,


ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ

ਟੈਲੀਫੋਨ ਨੰ: 2600588, 2602912 (ਫੈਕਸ)


ਸੇਵਾ ਵਿਖੇ

1. ਡਾਇਰੈਕਟਰ,
   ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
   (ਪੋਲੀਟੈਕਨਿਕ ਅਤੇ ਆਈ.ਆਈ.ਵਿੰਗ)
   ਪੰਜਾਬ, ਚੰਡੀਗੜ੍ਹ;
2. ਡੀ.ਪੀ.ਆਈ (ਕਾਲਜਾਂ),
   ਪੰਜਾਬ, ਚੰਡੀਗੜ੍ਹ;
3. ਡਾਇਰੈਕਟਰ,
   ਖੋਜ ਅਤੇ ਮੈਡੀਕਲ ਸਿਖਿਆ,
   ਪੰਜਾਬ,ਚੰਡੀਗੜ੍ਹ;
4. ਡੀ.ਪੀ.ਆਈ (ਸਕੂਲਜ਼),
   ਸਾਹਿਬਜਾਦਾ ਅਜੀਤ ਸਿੰਘ ਨਗਰ
   ਮੋਹਾਲੀ।
5. ਡਾਇਰੈਕਟਰ,
   ਐਸ.ਸੀ.ਈ.ਆਰ.ਟੀ,
   ਪੰਜਾਬ,ਚੰਡੀਗੜ੍ਹ;
6. ਡਾਇਰੈਕਟਰ,
   ਪਸ਼ੂ ਪਾਲਣ ਵਿਭਾਗ,
   ਪੰਜਾਬ,ਚੰਡੀਗੜ੍ਹ।
7. ਇੰਨਫਰਮੈਟਿਕ ਅਫਸਰ,
   ਐਨ.ਆਈ.ਸੀ, ਕਮਰਾ ਨੰ. 109,
   ਮਿੰਨੀ ਸਕੱਤਰੇਤ, ਚੰਡੀਗੜ੍ਹ।

ਮੀਮੋ ਨੰ: ਸ-17/ 7553-59
ਮਿਤੀ, ਚੰਡੀਗੜ੍ਹ 10/4/15

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੈਂਟਸ ਸਕੀਮ ਤਹਿਤ ਮਾਨਯੋਗ ਡਾਇਰੈਕਟਰ, ਭਲਾਈ ਜੀ ਦੀ ਪ੍ਰਧਾਨਗੀ ਹੇਠ ਮਿਤੀ 1-4-2015 ਨੂੰ ਸਵੇਰੇ 10.30 ਵਜੇ ਮੀਟਿੰਗ ਦੀ ਕਾਰਵਾਈ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਆਪ ਜੀ ਨੂੰ ਸ੍ਰੀਮਤੀ ਅਲਕਨੰਦਾ ਦਯਾਲ, ਆਈ.ਏ.ਐਸ., ਡਾਇਰੈਕਟਰ, ਭਲਾਈ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੋਸਟ ਮੈਟ੍ਰਿਕ ਸ਼ਕਾਲਰਸਿਪ ਟੂ ਐਸ.ਸੀ./ਓ.ਬੀ.ਸੀ.ਸਟੂਡੈਂਟਸ ਸਕੀਮ ਤਹਿਤ ਮਿਤੀ 01-4-2015 ਨੂੰ ਸਵੇਰੇ 10.30 ਵਜੇ ਉਨ੍ਹਾਂ ਦੇ ਦਫਤਰੀ ਕਮਰਾ, ਐਸ.ਸੀ.ਓ.ਨੰ: 128-29, ਸੈਕਟਰ 34-ਏ, ਚੰਡੀਗੜ੍ਹ ਵਿਖੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੈਂਟਸ ਸਕੀਮ ਤਹਿਤ ਲਾਗੂਕਰਤਾ ਵਿਭਾਗਾਂ ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੀ ਕਾਰਵਾਈ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ/ ਮੀਟਿੰਗ ਦੀ ਕਾਰਵਾਈ

ਵਧੀਕ ਡਾਇਰੈਕਟਰ

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੈਂਟਸ ਸਕੀਮ ਤਹਿਤ ਮਾਨਯੋਗ ਡਾਇਰੈਕਟਰ, ਭਲਾਈ ਜੀ ਦੀ ਪ੍ਰਧਾਨਗੀ ਹੇਠ ਮਿਤੀ 1-4-2015 ਨੂੰ ਸਵੇਰੇ 10.30 ਵਜੇ ਹੋਈ ਮੀਟਿੰਗ ਦੀ ਕਾਰਵਾਈ।

ਮਿਤੀ 1-4-2015 ਨੂੰ ਸਵੇਰੇ 10.30 ਵਜੇ ਮਾਨਯੋਗ ਡਾਇਰੈਕਟਰ, ਭਲਾਈ ਜੀ ਦੇ ਦਫਤਰੀ ਕਮਰੇ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੈਂਟਸ ਸਕੀਮ ਤਹਿਤ ਡਾਇਰੈਕਟਰ, ਭਲਾਈ ਜੀ ਦੀ ਪ੍ਰਧਾਨਗੀ ਹੇਠ ਲਾਗੂ ਕਰਤਾ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਹਾਜਰ ਹੋਏ ਅਧਿਕਾਰੀਆਂ ਦੀ ਸੂਚੀ ਅਨੁਲੱਗ ੳ ਤੇ ਰੱਖੀ ਗਈ ਹੈ।

ਮੀਟਿੰਗ ਦੌਰਾਨ ਕੀਤੇ ਗਏ ਫੈਸਲਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1) ਲਾਗੂ ਕਰਤਾ ਵਿਭਾਗਾਂ ਵਲੋਂ ਹਾਜਰ ਹੋਏ ਅਧਿਕਾਰੀਆਂ ਦਾ ਧਿਆਨ ਪੋਸਟ ਮੈਟ੍ਰਿਕ ਟੂ ਐਸ.ਸੀ. ਅਤੇ ਓ.ਬੀ.ਸੀ. ਸਕੀਮ ਤਹਿਤ ਸਾਲ 2014-15 ਦੌਰਾਨ ਪਾਈਆਂ ਗਈਆਂ difficulties ਅਤੇ ਸਾਲ 2015-16 ਦੌਰਾਨ ਪੋਰਟਲ ਵਿੱਚ ਹੋਰ ਸੁਧਾਰ ਲਿਆਉਣ ਵੱਲ ਦਿਵਾਉਂਦੇ ਹੋਏ ਦੱਸਿਆ ਗਿਆ ਕਿ ਇਸ ਸਕੀਮ ਨੂੰ ਕਾਮਯਾਬੀ ਨਾਲ ਚਲਾਉਣ ਲਈ ਸਮੂਹ ਲਾਗੂ ਕਰਤਾ ਵਿਭਾਗਾਂ ਦੀ ਵਿਸ਼ੇਸ ਭੂਮਿਕਾ ਹੈ।

2) ਸਾਲ 2014-15 ਦਾ ਪੋਸਟ ਮੈਟ੍ਰਿਕ ਸ਼ਕਾਲਰਸਿਪ ਸਕੀਮ ਅਧੀਨ ਭਲਾਈ ਵਿਭਾਗ ਨੂੰ ਅਦਾਇਗੀ ਲਈ ਭੇਜੇ ਗਏ ਡਾਟੇ ਵਿੱਚ ਤਰੁੱਟੀਆਂ ਹੋਣ ਕਾਰਨ Clean & Verified data with signed lists of claims 30-01-2015 ਤੱਕ ਭੇਜਣ ਲਈ ਲਿਖਿਆ ਗਿਆ ਸੀ ਪਰੰਤੂ ਇਹ ਡਾਟਾ ਅਜੇ ਤੱਕ ਹੇਠ ਲਿਖੇ ਲਾਗੂ ਕਰਤਾ ਵਿਭਾਗਾਂ ਪਾਸੋਂ ਪ੍ਰਾਪਤ ਨਹੀਂ ਹੋਇਆ:

   1) ਡਾਇਰੈਕਟਰ ਮੈਡੀਕਲ ਅਤੇ ਖੋਜ, ਪੰਜਾਬ
   2) ਡਾਇਰੈਕਟਰ, ਤਕਨੀਕੀ ਸਿੱਖਿਆ (ਇੰਜ. ਅਤੇ ਪੋਲੀ. ਵਿੰਗ)

   **ਸਬੰਧਤ ਵਿਭਾਗਾਂ ਦੇ ਡਾਇਰੈਕਟਰਜ਼ ਨੂੰ ਅੱਧ ਸਰਕਾਰੀ ਪੱਤਰ ਲਿਖਿਆ ਜਾਵੇ** ਕਿ Clean & verified data with signed lists of claims ਦੀ responsibility ਉਨ੍ਹਾਂ ਦੀ ਹੈ। ਇਸ ਲਈ ਇੱਕ ਹਫਤੇ ਦੇ ਅੰਦਰ-ਅੰਦਰ ਭੇਜਿਆ ਜਾਵੇ।

3) ਲਾਗੂ ਕਰਤਾ ਵਿਭਾਗ ਅਦਰ ਸਟੇਟ ਸਬੰਧੀ ਮੁਕੰਮਲ ਡਾਟਾ ਸਕੀਮ ਦੇ ਨਿਯਮਾਂ ਅਨੁਸਾਰ ਤਸਦੀਕ ਕਰਕੇ ਇੱਕ ਹਫਤੇ ਦੇ ਅੰਦਰ-ਅੰਦਰ ਭੇਜਣਗੇ।

4) ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਪਾਸੋਂ ਸਬੰਧਤ ਸੰਸਥਾਵਾਂ ਵਲੋਂ ਫੀਸਾਂ (compulsory non-refundable fees) ਚਾਰਜ ਕੀਤੀਆਂ ਜਾ ਰਹੀਆਂ ਹਨ, ਜਦੋਂ ਕਿ ਸਕੀਮ ਦੇ ਨਿਯਮਾਂ ਅਨੁਸਾਰ ਜਰੂਰੀ ਨਾ-ਮੋੜਨ ਯੋਗ ਫੀਸਾਂ ਦੇ ਕਲੇਮਾਂ ਦੀ ਅਦਾਇਗੀ ਭਲਾਈ ਵਿਭਾਗ ਵਲੋਂ ਸਬੰਧਤ ਸੰਸਥਾਵਾਂ ਨੂੰ ਰੀ-ਇੰਮਬਰਸ ਕੀਤੀ ਜਾ ਰਹੀ ਹੈ। ਬਹੁਤ ਸਾਰੀਆਂ ਸੰਸਥਾਵਾਂ ਵਿਦਿਆਰਥੀਆਂ ਪਾਸੋਂ ਵੀ ਫੀਸਾਂ ਚਾਰਜ ਕਰ ਰਹੇ ਹਨ ਅਤੇ ਭਲਾਈ ਵਿਭਾਗ ਪਾਸੋ ਉਨ੍ਹਾਂ ਦੇ ਕਲੇਮ ਆਪਣੇ ਹੀ ਖਾਤਿਆਂ ਵਿੱਚ ਪ੍ਰਾਪਤ ਵੀ ਕਰ ਰਹੇ ਹਨ, ਇਹ ਇੱਕ ਬਹੁਤ ਹੀ ਗੰਭੀਰ ਮਸਲਾ ਹੈ, ਲਾਗੂ ਕਰਤਾ ਵਿਭਾਗ, ਆਪਣੇ ਪੱਧਰ ਤੇ, ਆਪਣੇ ਅਧੀਨ ਸੰਸਥਾਵਾਂ ਨੂੰ ਸਖਤ ਹਦਾਇਤਾਂ ਜਾਰੀ ਕਰਨ ਅਤੇ ਅਜਿਹੀਆਂ ਸੰਸਥਾਵਾਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

5) ਫੀਸਾਂ ਦੀ ਕੈਪਿੰਗ, ਕੰਪੋਨੈਂਟਸ (Components) ਦੇ ਵੇਰਵੇ ਹੇਠ ਲਿਖੇ ਅਨੁਸਾਰ ਸ਼ਪਸਟ ਕਰਦੇ ਹੋਏ ਨਿਸ਼ਚਿਤ ਕੀਤੀ ਜਾਵੇ:

i) ਰੀ-ਫੰਡਏਬਲ ਫੀਸਾਂ ਕਿਹੜੀਆਂ ਹਨ
ii) ਜਰੂਰੀ ਨਾ-ਮੋੜਨ ਯੋਗ ਫੀਸਾਂ ਕਿਹੜੀਆਂ ਹਨ

6) **ਹਰੇਕ ਲਾਗੂ ਕਰਤਾ ਵਿਭਾਗ ਉਕਤ ਅਨੁਸਾਰ ਫੀਸਾਂ ਦੀ ਕੈਪਿੰਗ ਕਰਕੇ 15-4-2015 ਤੱਕ ਹੁਕਮਾਂ/ਨੋਟੀਫਿਕੇਸ਼ਨ ਦੀ ਕਾਪੀ ਭਲਾਈ ਵਿਭਾਗ ਨੂੰ ਭੇਜਣਗੇ।**

7) ਲਾਗੂ ਕਰਤਾ ਵਿਭਾਗਾਂ ਵਲੋਂ ਵਿਦਿਆਰਥੀਆਂ ਲਈ ਸਿਫਾਰਸ ਕਰਕੇ ਭੇਜੇ ਗਏ ਕਲੇਮਾਂ ਅਨੁਸਾਰ ਅਦਾਇਗੀ ਕੀਤੀ ਜਾਂਦੀ ਹੈ, ਭਲਾਈ ਵਿਭਾਗ ਤੋਂ ਘੱਟ/ਵੱਧ ਪ੍ਰਾਪਤ ਕੀਤੇ ਕਲੇਮਾਂ ਦੀ ਨਿਰੋਲ ਜਿੰਮੇਵਾਰੀ ਲਾਗੂ ਕਰਤਾ ਵਿਭਾਗਾਂ ਦੀ ਹੋਵੇਗੀ।

8) ਲਾਗੂ ਕਰਤਾ ਵਿਭਾਗਾਂ ਵਲੋਂ ਭੇਜੇ ਗਏ ਮੈਨੂਅਲ ਡਾਟੇ ਨੂੰ ਭਲਾਈ ਵਿਭਾਗ ਵਲੋਂ ਜਾਰੀ ਪੱਤਰ ਨੰ: ਸ-17/1063-70 ਮਿਤੀ 09-01-2015 ਅਨੁਸਾਰ ਤਸਦੀਕ ਕਰਕੇ ਭੇਜਿਆ ਜਾਵੇ, ਕਿ ਸਿਫਾਰਸ ਕਰਕੇ ਭੇਜੇ ਗਏ ਮੈਨੂਅਲ ਕੇਸ ਵਿਦਿਆਰਥੀਆਂ ਦੇ ਰਿਜਲਟ ਦੀ ਦੇਰੀ ਕਰਕੇ, ਪਰਮਾਨੈਂਟ ਰਿਜੈਕਸ਼ਨ ਵਾਲੇ ਹੀ ਕੇਸ ਹਨ। ਇਸ ਵਿੱਚ ਕੋਈ ਵੀ ਕਲੇਮ ਅਜਿਹਾ ਸ਼ਾਮਿਲ ਨਹੀ ਹੈ, ਜਿਸ ਨੇ ਸਮੇਂ ਸਿਰ ਆਨ-ਲਾਈਨ ਅਪਲਾਈ ਨਹੀ ਕੀਤਾ ਸੀ ਹੁਣ ਮੈਨੂਅਲ ਅਪਲਾਈ ਕੀਤਾ ਹੋਵੇ ।

9) ਲਾਗੂਕਰਤਾ ਵਿਭਾਗਾਂ ਨੂੰ ਭਲਾਈ ਵਿਭਾਗ ਵੱਲੋਂ ਰਿਜੈਕਟਿੱਡ ਡਾਟੇ ਨੂੰ ਵਾਪਸ ਭੇਜ ਕੇ ਨਿਸ਼ਚਿਤ ਸਮੇਂ ਦੇ ਅੰਦਰ ਸਹੀ ਕਰਕੇ ਭੇਜਿਆ ਜਾਵੇ, ਨਿਸ਼ਚਿਤ ਮਿਤੀ ਤੋ ਬਾਅਦ ਡਾਟਾ ਭੇਜਣ ਦੀ ਸੂਰਤ ਵਿੱਚ ਉਸ ਨੂੰ ਰੱਦ ਕਰ ਦਿੱਤਾ ਜਾਵੇਗਾ, ਜਿਸ ਦੀ ਜਿੰਮੇਵਾਰੀ ਲਾਗੂਕਰਤਾ ਵਿਭਾਗ ਦੀ ਹੋਵੇਗੀ।

10) ਸਾਰੀਆਂ ਯੋਗ ਸੰਸਥਾਵਾਂ (ਸਰਕਾਰੀ/ਪ੍ਰਾਈਵੇਟ/ਰਾਜ ਸਰਕਾਰ ਵਲੋਂ ਮਾਨਤਾ ਪ੍ਰਾਪਤ) ਦੀ ਸਾਲ 2015-16 ਦੌਰਾਨ ਪੋਰਟਲ ਖੁਲ੍ਹਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਰਜਿਸਟ੍ਰੇਸ਼ਨ ਕਰਵਾਉਣ ਸਬੰਧੀ ਲਾਗੂ ਕਰਤਾ ਵਿਭਾਗ ਹਦਾਇਤਾਂ ਜਾਰੀ ਕਰਨ ਅਤੇ ਐਨ.ਆਈ.ਸੀ. ਵਲੋਂ ਪੋਰਟਲ ਉੱਤੇ ਵੀ ਇਸ ਸਬੰਧੀ ਫਲੈਸ਼ ਜਾਰੀ ਰੱਖੀ ਜਾਵੇ।

11) ਸਕੀਮ ਅਧੀਨ ਉਲੀਕੇ ਕੋਰਸ ਅਤੇ ਉਨ੍ਹਾਂ ਦਾ ਸਮਾਂ ਵੀ 30-4-2015 ਤੱਕ ਨਿਸਚਿਤ ਕਰਕੇ ਪੋਰਟਲ ਤੇ ਦਰਜ ਕਰਵਾਇਆ ਜਾਵੇ ।

12) ਸਮੂਹ ਲਾਗੂ ਕਰਤਾ ਵਿਭਾਗਾਂ ਦੇ ਅਧਿਕਾਰੀਆਂ ਨੇ ਸਾਲ 2015-16 ਲਈ ਮਿਤੀ 01-5-2015 ਤੋਂ ਅਸ਼ੀਰਵਾਦ ਪੋਰਟਲ ਖੋਲ੍ਹਣ ਦੀ ਤਜਵੀਜ਼ ਕੀਤੀ ।

13) ਸਾਰੇ ਯੋਗ ਵਿਦਿਆਰਥੀਆਂ ਦੇ ਬੈਂਕ ਖਾਤੇ ਖੋਲ੍ਹਣ, ਆਧਾਰ ਕਾਰਡ ਬਣਾ ਕੇ ਬੈਂਕ ਖਾਤਿਆਂ ਨੂੰ ਆਧਾਰ ਨਾਲ ਲਿੰਕ ਕਰਨ ਉਪਰੰਤ ਯੋਗ ਵਿਦਿਆਰਥੀਆਂ ਦਾ ਡਾਟਾ ਸਮੇਂ ਸਿਰ ਤਿਆਰ ਕਰਨ ਬਾਰੇ ਹੁਕਮ ਕੀਤੇ ਹਨ।

14) ਵਿਦਿਆਰਥੀਆਂ ਦੀ ਡੀਜੀਟਾਈਜ਼ਡ ਲਿਸਟ ਉਨ੍ਹਾਂ ਦੇ ਆਧਾਰ ਨੰਬਰ ਦੀ ਬੈਂਕਾਂ ਨਾਲ ਸੀਡਿੰਗ ਕਰਵਾਉਣ ਵਾਸਤੇ ਲਾਗੂਕਰਤਾ ਵਿਭਾਗਾਂ ਵੱਲੋਂ ਆਪਣੇ ਪੱਧਰ ਤੇ ਡਾਟਾ ਸਬੰਧਤਾਂ ਨੂੰ ਭੇਜਿਆ ਜਾਵੇਗਾ ਅਤੇ ਮੁਕੰਮਲ ਵੇਰਵੇ ਸਹਿਤ ਤਜਵੀਜ਼/ਡਾਟਾ ਭਲਾਈ ਵਿਭਾਗ ਨੂੰ ਭੇਜੀ ਜਾਵੇਗੀ।

15) ਆਧਾਰ ਸੀਡਿੰਗ 31-5-2015 ਤੱਕ ਕਰਵਾਈ ਜਾਵੇ

16) ਲਾਗੂ ਕਰਤਾ ਵਿਭਾਗਾਂ ਵੱਲੋਂ ਨਿਸ਼ਚਿਤ ਕੀਤੇ ਗਏ ਐਕਟੀਵਿਟੀ ਸ਼ਡਿਊਲ ਮੁਤਾਬਿਕ ਤਜਵੀਜ਼ ਭਲਾਈ ਵਿਭਾਗ ਨੂੰ ਭੇਜੀ ਜਾਵੇਗੀ, ਜਿਸ ਅਨੁਸਾਰ ਭਲਾਈ ਵਿਭਾਗ ਵੱਲੋਂ ਤਜਵੀਜ਼ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀ ਜਾਵੇਗੀ। ਲਾਗੂਕਰਤਾ ਵਿਭਾਗਾਂ ਵੱਲੋਂ ਤਜਵੀਜ਼ ਦੇਰੀ ਨਾਲ ਭੇਜਣ ਦੀ ਵਜ੍ਹਾ ਕਰਕੇ ਜੇਕਰ ਭਾਰਤ ਸਰਕਾਰ ਵੱਲੋਂ ਉਸ ਸਾਲ ਰਾਸ਼ੀ ਰਲੀਜ ਨਹੀਂ ਕੀਤੀ ਜਾਂਦੀ ਤਾਂ ਉਸ ਦੀ ਜਿੰਮੇਵਾਰੀ ਲਾਗੂ-ਕਰਤਾ ਵਿਭਾਗ ਦੀ ਹੋਵੇਗੀ।

10/5/15

ਉਕਤ ਕਾਰਵਾਈ ਜਾਰੀ ਕਰਨ ਦੀ ਪ੍ਰਵਾਨਗੀ ਹਿੱਤ ਜੀ।